**Jan 1st 2015**

# ਅਰਦਾਸਿ ਵਿੱਚ ਪੜ੍ਹੀ ਜਾਂਦੀ 'ਵਾਰ ਸ੍ਰੀ ਭਗਉਤੀ ਜੀ ਕੀ ਪਾ: 10' ਦੀ ਅਸਲੀਅਤ

-: *ਪ੍ਰੋ. ਕਸ਼ਮੀਰਾ ਸਿੰਘ ਯੂ.ਐਸ.ਏ.*

ਸੱਭ ਤੋਂ ਵੱਡਾ ਸੱਚ ਇਹ ਹੈ ਕਿ ਵਾਰ ਦਾ ਸਿਰਲੇਖ ਸਿੱਖਾਂ ਦੇ ਅੱਖੀਂ ਘੱਟਾ ਪਾ ਕੇ ਬਣਾਇਆ ਗਿਆ ਹੈ। ਇੱਸ ਸਿਰਲੇਖ ਵਿੱਚ 'ਪਾ:10' ਬਿਲਕੁਲ ਧੋਖੇ ਨਾਲ, ਸਿੱਖਾਂ ਨੂੰ ਦੁਰਗਾ ਦੇਵੀ ਜਾਂ ਸ਼ਿਵਾ ਪੂਜਕ ਸਾਬਤ ਕਰਨ ਲਈ, ਜੋੜਿਆ ਗਿਆ ਹੈ। ਜਿੱਸ ਵਾਰ ਦੀ ਪਉੜੀ ਅਰਦਾਸਿ ਵਿੱਚ ਪੜ੍ਹੀ ਜਾ ਰਹੀ ਹੈ, ਉਹ ਵਾਰ ਤਾਂ ਦੁਰਗਾ ਦੇਵੀ ਦਾ ਪਾਠ ਹੈ ਤੇ ਇਹ ਸੱਚਾਈ ਵਾਰ ਦੀ ਆਖ਼ਰੀ ਪਉੜੀ ਨੰਬਰ 55 ਵਿੱਚ ਹੀ ਦਰਜ ਹੈ ਜੋ ਕਹਿੰਦੀ ਹੈ- ਦੁਰਗਾ ਪਾਠ ਬਣਾਇਆ ਸਭੇ ਪਉੜੀਆਂ। ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ।

ਡਾਕਟਰ ਰਤਨ ਸਿੰਘ ਜੱਗੀ ਨੇ ਦਸ਼ਮ ਗ੍ਰੰਥ ਦੀ ਪੀ.ਐੱਚ.ਡੀ. ਦੇ ਥੀਸਸ (E-book) ਵਿੱਚ ਇਹ ਗੱਲ, 'ਬਚਿਤ੍ਰ ਨਾਟਕ' ਦੀਆਂ ਹੱਥ-ਲਿਖਤਾਂ {ਪਟਨਾ ਸਾਹਿਬ ਵਾਲੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ, ਸੰਗਰੂਰ ਵਾਲ਼ੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਰਚਨਾ ਹੈ ਹੀ ਨਹੀਂ, ਮੋਤੀ ਬਾਗ਼ ਗੁਰਦੁਆਰੇ ਵਿੱਚਲੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ, ਭਾਈ ਮਨੀ ਸਿੰਘ ਦੇ ਨਾਂ ਵਾਲ਼ੀ ਕਹੀ ਜਾਂਦੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ} ਦੇ ਹਵਾਲੇ ਦੇ ਕੇ, ਸਪੱਸ਼ਟ ਤੌਰ 'ਤੇ ਲਿਖੀ ਹੈ ਕਿ ਵਾਰ ਦਾ ਅਸਲੀ ਨਾਂ 'ਵਾਰ ਦੁਰਗਾ ਕੀ' ਹੈ। 'ਚੰਡੀ ਦੀ ਵਾਰ' ਅਤੇ 'ਵਾਰ ਸ੍ਰੀ ਭਗਉਤੀ ਜੀ ਕੀ ਪਾ:10' ਅਸਲੀ ਨਾਂ ਨੂੰ ਬਦਲ ਕੇ ਬਣਾਏ ਗਏ ਸਿਰਲੇਖ ਹਨ ਤਾਂ ਜੁ ਸਿੱਖਾਂ ਦੇ ਅੱਖੀਂ ਘੱਟਾ ਪਾਉਣਾ ਸੌਖਾ ਹੋ ਸਕੇ।

ਹੁਣ ਦੇਖੋ ਪ੍ਰਸਿੱਧ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਵਾਰ ਦੁਰਗਾ ਕੀ' ਦੀ ਅਸਲੀਅਤ ਕਿਵੇਂ ਬਿਆਨ ਕਰਦੇ ਹਨ:-

'ਮਾਰਕੰਡੇ ਪੁਰਾਣ' ਇੱਕ ਗ੍ਰੰਥ ਹੈ ਜੋ ਮਾਰਕੰਡੇ ਰਿਖੀ ਨਾਲ਼ ਸੰਬੰਧਤ ਕਿਹਾ ਜਾਂਦਾ ਹੈ। ਇੱਸ ਵਿੱਚ ਨੌਂ ਹਜ਼ਾਰ ਸ਼ਲੋਕ ਹਨ। ਇੱਸ ਵਿੱਚ ਲਿਖੇ ਕਈ ਪ੍ਰਸੰਗਾਂ ਵਿੱਚੋਂ ਇੱਕ ਪ੍ਰਸੰਗ ਦੁਰਗਾ ਦੇਵੀ ਦਾ ਹੈ ਜਿਸ ਦੇ ਸੱਤ ਸੌ ਸ਼ਲੋਕ ਹਨ। 'ਦਸ਼ਮ ਗ੍ਰੰਥ' ਵਿੱਚ ਜੋੜੇ ਗਏ ਦੋ 'ਚੰਡੀ ਚਰਿਤ੍ਰ' ਅਤੇ ਦਰਜ ਕੀਤੀ 'ਚੰਡੀ ਦੀ ਵਾਰ', ਅਸਲੀ ਨਾਂ 'ਵਾਰ ਦੁਰਗਾ ਕੀ', ਮਾਰਕੰਡੇ ਪੁਰਾਣ ਵਿੱਚ ਲਿਖੇ 'ਦੁਰਗਾ ਸਪਤਸ਼ਤੀ' ਦਾ ਸੁਤੰਤਰ ਅਨੁਵਾਦ ਹਨ। ਇੱਸ ਦਾ ਸਿੱਧਾ ਅਰਥ ਇਹ ਹੋਇਆ ਕਿ ਦੋਵੇਂ 'ਚੰਡੀ ਚਰਿਤ੍ਰ' ਅਤੇ 'ਵਾਰ ਦੁਰਗਾ ਕੀ'/ 'ਵਾਰ ਸ੍ਰੀ ਭਗਉਤੀ ਜੀ ਕੀ'/

'ਚੰਡੀ ਦੀ ਵਾਰ' ਦੁਰਗਾ ਦੇਵੀ ਦੀ ਪੂਜਾ ਦੀਆਂ ਰਚਨਾਵਾਂ ਹਨ ਕਿਉਂਕਿ ਇਹ ਦੁਰਗਾ ਦੀਆਂ ਸਿਫ਼ਤਾਂ ਵਾਲ਼ੇ, ਮਾਰਕੰਡੇ ਪੁਰਾਣ ਵਿੱਚ ਲਿਖੇ, ਪ੍ਰਸੰਗ ਦਾ ਸੁਤੰਤਰ ਅਨੁਵਾਦ ਜੁ ਹਨ।

ਦੁਰਗਾ ਦੇਵੀ ਦੇ ਹੋਰ ਨਾਂ ਵੀ ਇਨ੍ਹਾਂ ਰਚਨਾਵਾਂ ਵਿੱਚ ਮਿਲ਼ਦੇ ਹਨ, ਜਿਵੇਂ:-

ਭਵਾਨੀ, ਦੁਰਗਸ਼ਾਹ, ਗਿਰਜਾ, ਕਾਲਿਕਾ, ਸ਼ਿਵਾ ਆਦਿਕ। ਕਿਸੇ ਨੂੰ ਅਜੇ ਵੀ ਕੋਈ ਇਸ ਅਸਲੀਅਤ ਬਾਰੇ ਕੋਈ ਸ਼ੱਕ ਹੋਵੇ ਤਾਂ ਉਹ 'ਮਹਾਨ ਕੋਸ਼' {www.ik13.com, library Bhai Daya Singh}, ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਵਿੱਚ 'ਮਾਰਕੰਡੇ' ਸ਼ਬਦ ਦੇ ਅਰਥ ਪੜ੍ਹੋ ਤੇ ਮੱਦ ਨੰਬਰ 2 ਹੇਠ ਇਹ ਸਚਾਈ ਦਰਜ ਹੈ।

ਅਗਿਆਨਤਾ ਤੇ ਗ਼ਫ਼ਲਤ ਦੀ ਗਹਿਰੀ ਨੀਂਦ ਵਿੱਚੋਂ ਨਿਕਲਣ ਲਈ ਇਸ ਤੋਂ ਹੋਰ ਵੱਧ ਸਬੂਤ ਦੀ ਕੀ ਲੋੜ ਹੈ। 'ਦਸ਼ਮ ਗ੍ਰੰਥ' ਦੇ ਪੁਜਾਰੀਆਂ ਦੇ ਮੂੰਹ 'ਤੇ ਗਿਆਨ ਦੀ ਇਹ ਵੱਟ ਕੇ ਚਪੇੜ 'ਮਹਾਨ ਕੋਸ਼' ਨੇ ਮਾਰੀ ਹੈ। ਸੋਚੋ ਸਮਝੋ ਤੇ ਇਹ ਰਚਨਾਵਾਂ ਗੁਰੂ ਉਸਤਤਿ ਵਾਲ਼ੀਆਂ ਮੰਨ ਕੇ ਧੰਨੁ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੱਚੀ ਤੇ ਸੁੱਚੀ ਸ਼ਾਨ ਨੂੰ ਵੱਟਾ ਨਾ ਲਾਓ। ਪੰਥ ਦੋਖੀਆਂ ਨੇ ਹੀ 'ਵਾਰ ਦੁਰਗਾ ਕੀ' ਦਾ ਨਾਂ ਬਦਲ ਕੇ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ 10' ਲਿਖ ਕੇ ਸਿੱਖਾਂ ਦੇ ਅੱਖੀਂ ਘੱਟਾ ਪਾ ਦਿੱਤਾ ਹੋਇਆ ਹੈ।




ਜੇ ਗ਼ਲਤੀ ਨਾਲ਼ ਜਾਂ ਜਾਣ ਬੁੱਝ ਕੇ ਜਾਂ ਅਣਭੋਲ਼ੇ ਹੀ 'ਲਛਮਣ ਰੇਖਾ' ਟੱਪੀ ਗਈ ਹੈ, ਤਾਂ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਵਾਜ਼ ਮਾਰੋ ਤੇ ਫ਼ਰਿਆਦ ਕਰੋ ਤੇ ਆਖੋ ਪਿਤਾ ਜੀ! ਹੁਣ ਸਾਡੀ ਬੱਸ ਹੋ ਗਈ ਹੈ; ਅਸੀਂ ਹੁਣ ਅਸਲੀਅਤ ਸਮਝ ਗਏ ਹਾਂ; ਸਾਨੂੰ ਕਰੀਬਨ ਸੰਨ 1931 ਤੋਂ ਲਿਖਤੀ ਤੌਰ 'ਤੇ ਧੋਖੇ ਵਿੱਚ ਰੱਖਿਆ ਜਾ

ਰਿਹਾ ਸੀ; ਸਾਨੂੰ ਹੁਣ ਰਾਵਣ (ਸਿੱਖੀ ਦੇ ਵੈਰੀਆਂ) ਦੇ ਪੰਜੇ ਤੋਂ ਛੁਡਾ ਕੇ ਮੁੜ ਆਪਣੇ ਘਰ ਲੈ ਜਾਓ ਤੇ ਹੋਈਆਂ ਭੁੱਲਾਂ ਦੀ ਮੁਆਫ਼ੀ ਬਖ਼ਸ਼ੋ ਜੀ ਤੇ ਅੱਗੇ ਤੋਂ ਦਸਵੇਂ ਗੁਰੂ ਜੀ ਵਲੋਂ 'ਗੁਰੂ' ਦਾ ਦਰਜਾ ਪ੍ਰਾਪਤ ਆਪ ਜੀ ਦੀ ਬਾਣੀ ਹੀ ਪੜ੍ਹਾਂਗੇ, ਗਾਵਾਂਗੇ ਤੇ ਸੁਣਾਗੇ।

ਰੱਬ ਦਾ ਕੋਈ ਸ਼ਰੀਕ ਨਹੀਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਕੋਈ ਸ਼ਰੀਕ ਨਹੀਂ ਕਿਉਂਕਿ ਇਸ ਵਿੱਚ ਵੀ ਰੱਬ ਦੀਆਂ ਕਹਾਣੀਆਂ ਹੀ ਹਨ; ਕਿਸੇ ਆਪਣੇ ਹੀ ਮੱਥੇ ਨੂੰ ਤੋੜ ਕੇ ਕਾਲ਼ੀ ਜਾਂ ਕਾਲਿਕਾ ਪੈਦਾ ਕਰਨ ਵਾਲ਼ੀ (ਜਿਸ ਨੇ ਸਾਬਤ ਦੈਂਤਾਂ ਨੂੰ ਚੱਬਿਆ) ਦੁਰਗਾ ਦੇਵੀ ਜਾਂ ਆਪਣੇ ਹੀ ਮੈਲ਼ ਨਾਲ਼ ਭਰੇ ਕੰਨ ਵਿੱਚੋਂ ਮੈਲ਼ ਕੱਢ ਕੇ ਸ੍ਰਿਸ਼ਟੀ ਸਾਜਣ ਵਾਲ਼ੇ ਮਹਾਂਕਾਲ ਦੀਆਂ ਸਿਫ਼ਤਾਂ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ(ਰਾਗਮਾਲ਼ਾ ਤੋਂ ਬਿਨਾਂ) ਤਾਂ ਗੁਰੂ ਪਰਮੇਸ਼ਰ ਦੀਆਂ ਸਿਫ਼ਤਾਂ ਦੇ ਅੰਮ੍ਰਿਤ ਜਲ ਦੇ ਝਰਨੇ ਚੱਲ ਰਹੇ ਹਨ। ਸਿੱਖ ਹੁੰਦੇ ਹੋਏ ਜਿਨ੍ਹਾਂ ਨੂੰ ਇਨ੍ਹਾਂ ਅੰਮ੍ਰਿਤ ਜਲ ਦੇ ਝਰਨਿਆਂ ਵਿੱਚ ਨਹਾ ਕੇ ਅਨੰਦ ਨਹੀਂ ਲੱਭਾ, ਉਨ੍ਹਾਂ ਨੂੰ ਹੋਰ ਕਿਤਿਓਂ ਵੀ ਨਹੀਂ ਲੱਭੇਗਾ ਤੇ ਉਹ ਬਾਹਰੋਂ ਅਨੰਦ ਲੱਭਣ ਦੀ ਆਸ ਵੀ ਛੱਡ ਦੇਣ।

ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥ - ਪੰਨਾਂ 320/8

ਜੋ ਇੱਕ ਦਾ ਨਹੀਂ ਬਣਿਆਂ ਉਹ ਕਿਸੇ ਦਾ ਵੀ ਨਹੀਂ ਬਣ ਸਕਦਾ। ਜੋ ਇਹ ਸਮਝਦਾ ਹੈ ਕਿ "ੴ" ਤੋਂ ਬਿਨਾਂ ਕੋਈ ਦੂਜੀ ਸ਼ਕਤੀ ਦੁਰਗਾ/ਭਗਉਤੀ ਜਾਂ ਮਹਾਂਕਾਲ਼ ਵੀ ਹੈ, ਜੋ ਜਗਤ ਰਚਨਾ ਕਰ ਸਕਦੀ ਹੈ ਤਾਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸਿੱਖ' ਆਖਣਾ ਬਹੁਤ ਵੱਡੀ ਭੁੱਲ ਹੈ, ਕਿਉਂਕਿ ਗੁਰੂ ਜੀ ਅਜਿਹੀ ਕੱਚੀ ਤੇ ਮਨਮਤੀ ਸੋਚ ਨੂੰ ਪ੍ਰਵਾਨ ਹੀ ਨਹੀਂ ਕਰਦੇ।

## 21th June 2014

# ਅਰਦਾਸਿ ਵਿੱਚ 'ਭਗਉਤੀ' ਸ਼ਬਦ ਕੀ ਹੈ ਤੇ ਕਦੋਂ ਜੋੜਿਆ ਗਿਆ ? ਮੌਜੂਦਾ ਅਰਦਾਸਿ ਕਦੋਂ ਬਣੀ ?

-: *ਪ੍ਰੋ. ਕਸ਼ਮੀਰਾ ਸਿੰਘ, ਯੂ.ਐਸ.ਏ.*


ਭਗੌਤੀ

ਮੌਜੂਦਾ ਅਰਦਾਸਿ ਦੀ ਬਣਤਰ ਕਿਸੇ ਵੀ ਗੁਰੂ ਪਾਤਿਸ਼ਾਹ ਜੀ ਵਲੋਂ ਨਹੀਂ ਬਣਾਈ ਗਈ। ਸੰਨ 1469 ਤੋਂ ਸੰਨ 1930 ਤਕ ਇਹ ਅਰਦਾਸਿ ਨਹੀਂ ਸੀ। ਅੰਗ੍ਰੇਜ਼ੀ ਰਾਜ ਸਮੇਂ 16 ਨਵੰਬਰ, 1920 ਨੂੰ ਸਿੱਖਾਂ ਨੇ ਇਕੱਠ ਕਰ ਕੇ 175 ਮੈਂਬਰ ਚੁਣ ਕੇ ਇੱਕ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਜਿਸ ਵਿੱਚ 36 ਮੈਂਬਰ, ਅੰਗ੍ਰੇਜ਼ੀ ਸਰਕਾਰ ਵਲੋਂ ਪਹਿਲਾਂ ਹੀ ਆਪਣੇ ਮਤਲਬ ਵਾਸਤੇ ਬਣਾਈ ਗਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ, ਸ਼ਾਮਲ ਕੀਤੇ ਗਏ। ਇਹ ਕਮੇਟੀ 30 ਅਪ੍ਰੈਲ ਸੰਨ 1921 ਨੂੰ ਅੰਗ੍ਰੇਜ਼ੀ ਰਾਜ ਸਮੇ ਇੱਕ ਬੋਰਡ ਵਜੋਂ ਰਜਿਸਟਰਡ ਹੋਈ ਜੋ ਸ਼੍ਰੋ.ਗੁ.ਪ੍ਰ. ਕਮੇਟੀ ਬਣੀ। ਇਸ ਨੇ ਹੀ ਨੇ 4 ਅਕਤੂਬਰ 1931 ਵਿੱਚ 25 ਵਿਅੱਕਤੀਆਂ ਦੀ ਇੱਕ ਸੱਬ-ਕਮੇਟੀ, ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ, ਬਣਾਈ ਜਿਸ ਨੇ 1 ਅਕਤੂਬਰ 1932 ਵਿੱਚ ਖਰੜਾ ਤਿਆਰ ਕਰਕੇ ਸ਼੍ਰੋ.ਗੁ.ਪ੍ਰ. ਨੂੰ ਸੌਂਪ ਦਿੱਤਾ {ਸ਼੍ਰੋ.ਗੁ.ਪ੍ਰ. ਕਮੇਟੀ ਵਲੋਂ 7 ਜਨਵਰੀ 1945 (ਕਰੀਬ ਤੇਰਾਂ ਸਾਲ) ਤਕ ਇਸ ਖਰੜੇ ਵਿੱਚ ਕਿੰਨੇ ਵਾਧੇ ਘਾਟੇ ਹੋਏ, ਕਿਸੇ ਨੂੰ ਕੋਈ ਪਤਾ ਨਹੀਂ}। ਇੱਸ ਖਰੜੇ ਨੇ ਹੀ ਸਿੱਖਾਂ ਨੂੰ ਦੁਰਗਾ ਦੇਵੀ ਦੇ ਪਾਠ ਵਾਲ਼ੀ 'ਭਗਉਤੀ' ਸਿਮਰਨ ਵਾਲ਼ੀ ਪਉੜੀ ਅਰਦਾਸਿ ਵਿੱਚ ਪੜ੍ਹਨੀ ਸਿਖਾਈ। ਇਸੇ ਖਰੜੇ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 3 ਗੁਰੂ ਸਾਹਿਬਾਨ ਵਲੋਂ ਪ੍ਰਵਾਨਤ ਸਿੱਖਾਂ ਲਈ ਬਖ਼ਸ਼ਸ਼ ਕੀਤਾ ਸਵੇਰ ਤੇ ਸ਼ਾਮ ਦਾ ਨਿੱਤ-ਨੇਮ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ {ਛਾਪੇ ਵਾਲ਼ੀ ਬੀੜ ਦੇ} ਪਹਿਲੇ 13 ਪੰਨਿਆਂ ਉੱਤੇ ਦਰਜ ਹੈ, ਬਦਲ ਕੇ ਕਮੇਟੀ ਦਾ ਬਣਾਇਆ ਨਿੱਤ-ਨੇਮ {ਜਿਸ ਵਿੱਚ ਅਪ੍ਰਵਾਨਤ ਵਾਧੂ ਰਚਨਾਵਾਂ ਜੋੜੀਆਂ ਗਈਆਂ} ਪੜ੍ਹਨ ਲਾਇਆ ਜਿਸ ਦਾ ਅੱਜ ਤਕ ਕਿਸੇ ਵੀ ਜਾਗਰੂਕ ਸਿੱਖ ਜਥੇਬੰਦੀ ਨੇ ਗੰਭੀਰ ਨੋਟਿਸ ਨਹੀਂ ਲਿਆ।

25 ਮੈਂਬਰੀ ਕਮੇਟੀ ਵਲੋਂ ਬਣਾਏ ਖਰੜੇ ਵਿੱਚ ਕੀਤੇ ਵਾਧੇ ਘਾਟੇ ਸ਼੍ਰੋ.ਗੁ.ਪ੍ਰ. ਕਮੇਟੀ ਨੇ 3 ਫਰਵਰੀ ਸੰਨ 1945 ਵਿੱਚ ਮਤਾ ਨੰਬਰ 97 ਰਾਹੀਂ ਪ੍ਰਵਾਨ ਕਰ ਲਏ। ਜਿਉਂ ਜਿਉਂ ਇੱਸ ਨੂੰ ਸਿੱਖ ਸ਼ਰਧਾ ਅਧੀਨ ਹੋ ਪੜ੍ਹਦੇ ਗਏ ਤਿਉਂ ਤਿਉਂ ਹੀ ਕੁਝ ਨਾ ਕੁਝ ਗ੍ਰਹਿਣ ਕਰਦੇ ਗਏ ਭਾਵੇਂ ਇਹ ਖਰੜਾ ਕਦੀ ਵੀ ਸਿੱਖਾਂ ਲਈ ਲਾਗੂ ਕਈਂ ਕੀਤਾ ਗਿਆ {ਖਰੜੇ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ} ਤੇ ਨਾ ਹੀ ਸ਼ਾਇਦ ਅਜਿਹਾ ਕੀਤਾ ਜਾ ਸਕਦਾ ਹੈ, ਕਿਉਂਕਿ ਹਰ

ਡੇਰੇ ਦਾ ਆਪਣਾ ਆਪਣਾ ਨਿੱਤ-ਨੇਮ ਹੈ, ਜੋ ਉਨ੍ਹਾਂ ਵਲੋਂ ਛਾਪੇ ਗਏ ਗੁਟਕਿਆਂ ਤੋਂ ਦੇਖਿਆ ਜਾ ਸਕਦਾ ਹੈ ਤੇ ਜਿਸ ਨੂੰ ਉਹ ਛੱਡ ਨਹੀਂ ਸਕਦੇ, ਤੇ ਵੱਖ-ਵੱਖ ਮਰਯਾਦਾ ਹੈ ਏਥੋਂ ਤਕ ਕਿ ਸਾਰੇ ਸਿੱਖ ਤਖ਼ਤਾਂ ਉੱਪਰ ਵੀ 'ਸਿੱਖ ਰਹਿਤ ਮਰਯਾਦਾ' ਅਨੁਸਾਰ ਇੱਕੋ ਜਿਹੀ ਮਰਯਾਦਾ ਨਹੀਂ ਹੈ। ਅਖੰਡ ਪਾਠ ਸਮੇ ਕੁੰਭ ਅਤੇ ਨਾਰੀਅਲ ਦਾ ਭਰਮ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ਼ ਡੇਰੇਦਾਰਾਂ ਦੀਆਂ ਆਦਮ ਕੱਦ ਮੂਰਤੀਆਂ ਖੜੀਆਂ ਕਰਨੀਆਂ, ਦੀਵੇ ਘੁਮਾ ਇੰਦਰ ਦੇਵਤੇ ਵਾਲ਼ੀ ਆਰਤੀ ਕਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰੇ ਉਸ ਤੋਂ ਅਖੰਡ ਪਾਠ ਕਰਨੇ ਆਦਿਕ ਸਿੱਖ ਰਹਿਤ ਮਰਯਾਦਾ ਦੇ ਉਲ਼ਟ ਅਜਿਹੇ ਕਈ ਕਰਮ ਹੋ ਰਹੇ ਹਨ। ਜੇ ਮਰਯਾਦਾ ਲਾਗੂ ਕੀਤੀ ਹੁੰਦੀ ਤਾਂ ਬਹੁਤੀਆਂ ਸੰਸਥਾਵਾਂ ਦੇ ਆਗੂ ਤਨਖ਼ਾਹੀਏ ਕਰਾਰ ਦਿੱਤੇ ਹੁੰਦੇ, ਕਿਉਂਕਿ ਉਹ ਇਸ ਖਰੜੇ ਨੂੰ ਪ੍ਰਵਾਨ ਹੀ ਨਹੀਂ ਕਰਦੇ।

## ਅਰਦਾਸਿ ਵਿੱਚ 'ਭਗਉਤੀ' ਕੌਣ ਹੈ?

ਸੰਸਕ੍ਰਿਤ ਦੇ 'ਭਗਵਤੀ' (ਅਰਥ ਦੇਵੀ) ਸ਼ਬਦ ਤੋਂ ਹੀ 'ਭਗਉਤੀ' ਸ਼ਬਦ ਬਣਿਆਂ ਹੈ। ਮਹਾਨ ਕੋਸ਼ ਵਿੱਚ ਭਗਉਤੀ ਨੂੰ 'ਭਗਵਤੀ' ਅਤੇ 'ਦੁਰਗਾ' ਦੇਵੀ ਕਰ ਕੇ ਲਿਖਿਆ ਹੈ। ਪੁਰਾਤਨ ਸਮੇਂ ਵੈਸ਼ਨਵ ਭਗਤ ਨੂੰ ਵੀ 'ਭਗਉਤੀ' ਕਿਹਾ ਜਾਂਦਾ ਸੀ, ਜਿਸ ਦਾ 'ਸੁਖਮਨੀ' ਦੀ ਨੌਵੀਂ ਅਸ਼ਟਪਦੀ ਵਿੱਚ ਜ਼ਿਕਰ ਹੈ।

ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿੱਚ ਦੁਰਗਾ ਦੇ ਪਾਠ ਵਾਲ਼ੀਆਂ 55 ਪਉੜੀਆਂ ਦੀ ਰਚਨਾ ਵਾਲ਼ੀ 'ਵਾਰ ਦੁਰਗਾ ਕੀ' ਦੀ ਪਹਿਲੀ ਪਉੜੀ ਨੂੰ ਅਰਦਾਸਿ ਦੇ ਮੁੱਢ ਵਿੱਚ ਰੱਖਿਆ ਗਿਆ ਹੈ। ਸੰਨ 1897 ਵਿੱਚ ਸਿੱਖਾਂ ਨੂੰ ਗ਼ੁਲਾਮ ਰੱਖਣ ਵਾਲ਼ੇ ਅੰਗ੍ਰੇਜ਼ੀ ਰਾਜ ਸਮੇ ਇੱਕ ਸ਼ੋਧਕ ਕਮੇਟੀ ਵਲੋਂ ਬਣਾਏ ਤੇ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲ਼ਿਆ ਤੋਂ ਛਪਵਾਏ ਗਏ 'ਦਸਮ ਗ੍ਰੰਥ' ਵਿਚ ਇੱਕ ਰਚਨਾ 'ਵਾਰ ਦੁਰਗਾ ਕੀ' ਹੈ। ਦਸਮ ਗ੍ਰੰਥ ਬਣਾਉਣ ਸਮੇਂ 32 ਪੋਥੀਆਂ ਤੋਂ ਰਚਨਾਵਾਂ ਲਈਆਂ ਗਈਆਂ। ਡਾ: ਰਤਨ ਸਿੰਘ ਜੱਗੀ ਦਸਮ ਗ੍ਰੰਥ ਦੇ ਟੀਕੇ ਦੀ ਭੂਮਕਾ ਵਿੱਚ ਲਿਖਦਾ ਹੈ "ਅਫ਼ਸੋਸ ਕਿ ਇਨ੍ਹਾਂ 32 ਪੋਥੀਆਂ ਵਿੱਚ ਕੋਈ ਵੀ ਪੁਰਾਤਨ ਜਾਂ ਇਤਿਹਾਸਕ ਨਹੀਂ ਸੀ"। 'ਵਾਰ ਦੁਰਗਾ ਕੀ' ਦਾ ਨਾਂ ਭੇਡ ਚਾਲ ਵਜੋਂ 'ਚੰਡੀ' ਦੀ ਵਾਰ ਵੀ ਚੱਲਦਾ ਰਿਹਾ ਤੇ ਸੰਨ 1895 ਵਿੱਚ ਬਣਾਏ ਅਤੇ ਸੰਨ 1897 ਵਿੱਚ ਛਪੇ ਦਸਮ ਗ੍ਰੰਥ ਵਿੱਚ ਸ਼ੋਧਕ ਕਮੇਟੀ ਵਲੋਂ ਇੱਸ ਵਾਰ ਦੇ ਸਿਰਲੇਖ ਨੂੰ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ 10' ਵਿੱਚ ਤਬਦੀਲ ਕਰ ਕੇ ਸਿੱਖਾਂ ਨਾਲ਼ ਧੋਖਾ ਕੀਤਾ ਗਿਆ ਤੇ ਸਿੱਖ ਸਿਧਾਂਤਾਂ ਨੂੰ ਖ਼ਤਮ ਕੀਤੇ ਜਾਣ ਲਈ ਮਾਰੂ ਵਾਰ ਕੀਤਾ ਗਿਆ। ਸਪੱਸ਼ਟ ਹੈ ਕਿ ਅਜਿਹਾ ਬ੍ਰਾਹਮਣਵਾਦੀ, ਸਨਾਤਨਵਾਦੀ ਬਿੱਪਰਵਾਦੀ ਜਾਂ ਮਨੂੰਵਾਦੀ ਸੋਚ ਦੇ ਪ੍ਰਭਾਵ ਥੱਲੇ ਕੀਤਾ ਗਿਆ। ਗੁਰੂ ਨਾਨਕ ਨੂੰ ਪਿੱਛੋਂ ਤੇ ਭਗਉਤੀ (ਦੁਰਗਾ)

ਨੂੰ ਪਹਿਲਾਂ ਯਾਦ ਕਰਦੇ ਹੋਏ ਸਿੱਖ ਅਰਦਾਸਿ ਕਰਦੇ ਹਨ। ਅਜਿਹੀ ਸੋਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਦੇ ਪ੍ਰਵਾਨ ਹੀ ਨਹੀਂ ਕਰਦੇ।

ਬ੍ਰਾਹਮਣਵਾਦੀ ਸੋਚ ਹੁਣ ਤਕ ਬੁੱਧ ਮੱਤ, ਜੈਨ ਮੱਤ ਅਤੇ ਪਾਰਸੀ ਮੱਤ ਦਾ ਭਾਰਤ ਵਿੱਚ ਬਹੁਤ ਭਾਰੀ ਨੁਕਸਾਨ ਕਰ ਚੁੱਕੀ ਹੈ ਤੇ ਹੁਣ ਇਹ ਸਿੱਖੀ ਵਿਚਾਰਧਾਰਾ ਦਾ ਹਰ ਸੰਭਵ ਸਾਧਨ ਵਰਤ ਕੇ, ਹਿੰਦੂਕਰਣ ਕਰਨ ਵਿੱਚ ਦਿਨ ਰਾਤ ਇੱਕ ਕਰ ਰਹੀ ਹੈ ਤੇ ਸਫਲ ਵੀ ਹੋ ਰਹੀ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਦੇ ਇਹ ਵਿਚਾਰ ਸਿੱਖਾਂ ਦੀਆਂ ਅੱਖਾਂ ਖੋਲ੍ਹਣ ਵਾਲੇ ਹਨ, ਪਰ ਜੇ ਫਿਰ ਵੀ ਅੱਖਾਂ ਬੰਦ ਦੀਆਂ ਬੰਦ ਰਹਿ ਗਈਆਂ ਤਾਂ ਬਹੁਤ ਨੁਕਸਾਨ ਹੋਵੇਗਾ। ਪੜ੍ਹੋ ਇਹ ਵੀਚਾਰ-

“It is said, not without truth that Brahmanism killed Budhism by a fraternal embrace”

ਭਾਵ ਅਰਥ- ਬ੍ਰਾਹਮਣਵਾਦ ਨੇ ਬੁੱਧ ਧਰਮ ਨੂੰ ਬਾਪੂ ਵਾਲ਼ੀ ਗਲ਼ਵਕੜੀ ਪਾ ਕੇ ਖ਼ਤਮ ਕੀਤਾ।
ਤਕਰੀਬਨ 90 ਸਾਲ ਪਹਿਲਾਂ ਅੰਗ੍ਰੇਜ਼ ਲਿਖਾਰੀ ਮੈਕਾਲਿਫ਼ ਨੇ ਜੋ ਲਿਖਿਆ ਸੀ ਉਹ ਵੀ ਸਿੱਖਾਂ ਦੀਆਂ ਅੱਖਾਂ ਖੋਲ੍ਹ ਦੇਣ ਵਾਲ਼ਾ ਹੈ। ਉਹ ਲਿਖਦਾ ਹੈ-

“Hinduism has embraced Sikhism in its fold.”

ਭਾਵ ਅਰਥ- ਹਿੰਦੂ ਮੱਤ ਨੇ ਸਿੱਖ ਧਰਮ ਨੂੰ ਆਪਣੀ ਗਲ਼ਵਕੜੀ ਵਿੱਚ ਲੈ ਲਿਆ ਹੈ।
(ਸਿੱਖ ਵੀਰਾਂ ਨੂੰ ਹਲੂਣਾ ਪੁਸਤਕ ਵਿੱਚੋਂ- ਲੇਖਕ ਨਰੈਣ ਸਿੰਘ)

ਸੰਨ 1999 ਵਿੱਚ, ਸ਼੍ਰੋ.ਗੁ.ਪ੍ਰ. ਕਮੇਟੀ ਭੀ ਆਪਣੀ ਮੁਹਰ ਹੇਠ ਹਿੰਦੀ ਭਾਸ਼ਾ ਵਿੱਚ ‘ਸਿੱਖੋਂ ਕਾ ਇਤਿਹਾਸ’ ਨਾਮਕ, ਸਿੱਖੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਕਿਤਾਬ, ਲਿਖ ਕੇ ਬ੍ਰਾਹਮਣਵਾਦੀ ਸੋਚ ਦਾ ਪ੍ਰਭਾਵ ਕਬੂਲ ਕਰ ਚੁੱਕੀ ਹੈ {ਮਾਨੋ ਵਾੜ ਨੇ ਖੇਤ ਨੂੰ ਹੀ ਖਾਣਾ ਸ਼ੁਰੂ ਕਰ ਦਿੱਤਾ ਹੈ} ਭਾਵੇਂ ਕਿ ਇਹ ਕਿਤਾਬ ਬਾਅਦ ਵਿੱਚ ਜ਼ਬਤ ਕਰ ਲਈ ਗਈ ਸੀ। ਕਿਤਾਬ ਨੂੰ ਜ਼ਬਤ ਕਰਨਾ ਹੀ ਦੱਸਦਾ ਹੈ ਕਿ ਇਹ ਸਿੱਖੀ ਵਿਚਾਰਧਾਰਾ ਨੂੰ ਜ਼ਰੂਰ ਹੀ ਢਾਹ ਲਾ ਰਹੀ ਸੀ, ਨਹੀਂ ਤਾਂ ਜ਼ਬਤ ਨਾ ਹੁੰਦੀ।

**Jan 21th ,2014**

# ਭਗੌਤੀ ਯਾਨੀ ਦੁਰਗਾ

**-:** *ਗੁਰਦੀਪ ਸਿੰਘ ਬਾਗੀ*

**ਰਾਗ ਸੂਹੀ ਮਹਲਾ ੫**

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥ ਅੰਕ ੭੫੦**

ਇਹ ਪਾਵਨ ਫੁਰਮਾਨ ਗੁਰੂ ਗ੍ਰੰਥ ਸਾਹਿਬ ਵਿਚ ਪੰਚਮ ਪਾਤਸ਼ਾਹ ਦਾ ਹੈ। ਹੁਣ ਸਵਾਲ ਉਠਦਾ ਹੈ ਪੰਚਮ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੂੰ ਸਬ ਤੂੰ ਵਡਾ ਦਸ ਰਹੇ ਹਨ ਅਤੇ ਅਸੀਂ ਰੋਜ ਬਿਪਰ ਦੀ ਲਿਖੀ ਅਰਦਾਸ ਪੜ੍ਹਦੇ ਹਾਂ।



**ਪ੍ਰਿਥਮ ਭਗੌਤੀ ਸਿਮਰਿ ਕੈ ਗੁਰੁ ਨਾਨਕ ਲਈਂ ਧਿਆਇ ॥**

ਲੋਗ ਕਹਿੰਦੇ ਹਨ ਕਿ ਇਹ ਭਗੌਤੀ ਤਲਵਾਰ ਹੈ, ਪਰ ਇਹ ਦੁਰਗਾ ਦੀ ਵਾਰ ਦੀ ਸ਼ੁਰੂਆਤ ਵਿਚ ਲਿਖੀ ਗਈ ਪੰਕਤੀ ਹੈ ਅਤੇ ਅੰਤ ਵਿਚ ਦਰਜ ਹੈ

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥ ਫੇਰਿ ਨ ਜੂਨੀ ਆਇਆ ਜਿਨਿ ਇਹ ਗਾਇਆ ॥੫੫॥

**ਹੁਨ ਇਹ ਭਗੌਤੀ ਦੀ ਵਾਰ ਅਖੀਰ ਵਿਚ ਦੁਰਗਾ ਦਾ ਪਾਠ ਕਿਵੇਂ ਬਣ ਗਿਆ?**

ਜੇਕਰ ਗੌਰ ਨਾਲ ਬਿਚਿਤਰ ਨਾਟਕ ਨੂੰ ਖੰਗਾਲੇਆ ਜਾਵੇ ਤਾਂ ਭਗੌਤੀ ਬਿਚਿਤਰ ਨਾਟਕ ਕਿਤਾਬ ਵਿਚ ਤਲਵਾਰ ਅਤੇ ਗਉਰੀ (ਚੰਡੀ/ਦੁਰਗਾ) ਦੋਨਾਂ ਨੂੰ ਕਿਹਾ ਹੈ।

ਬਿਚਿਤਰ ਨਾਟਕ ਦੇ ਹਿਮਾਈਤੀ ਭਗੌਤੀ ਨੂੰ ਤਲਵਾਰ ਤਾਂ ਕਹੰਦੇ ਹਨ ਪਰ ਦੁਰਗਾ ਦੇਵੀ ਮੰਨਣ ਤੋਂ ਇਨਕਾਰ ਕਰ ਦੇਂਦੇ ਹਨ।

ਭਗੌਤੀ ਤਲਵਾਰ ਹੈ, ਇਹ ਗਲ ਬਿਲਕੁਲ ਸਹੀ ਹੈ, ਉਦਾਹਰਨ ੫੬ ਵੇਂ ਚਰਿਤਰ ਦਾ ਇਹ ਛੰਦ ਹੈ

ਚੋਰ ਮੋਹਿ ਮਾਰਤ ਹੁਤੋ ਤ੍ਰਿਯ ਕੇ ਲਾਗਿਯੋ ਘਾਇ ॥ ਕਾਢਿ ਭਗੌਤੀ ਤੁਰਤੁ ਮੈ ਯਾ ਕੋ ਦਯੋ ਸੁ ਘਾਇ ॥੧੦॥
ਅਰਥ-- "ਚੋਰ ਮੈਨੂੰ ਮਾਰਨ ਲਗਿਆ ਸੀ, ਪਰ ਮੇਰੀ ਇਸਤਰੀ ਨੂੰ ਘਾਓ ਲਗ ਗਿਆ। ਮੈਂ ਤੁਰੰਤ ਤਲਵਾਰ ਕਢ ਕੇ ਉਸ ਨੂੰ ਮਾਰ ਦਿੱਤਾ।੧੦।"

ਚਰਿਤਰਾਂ ਵਿਚ ਤਾਂ ਲਿਖਾਰੀ ਦਸਦਾ ਹੈ ਕਿ ਭਗੌਤੀ ਤਲਵਾਰ ਨਹੀਂ ਕੋਈ ਹੋਰ ਭੀ ਸ਼ਖਸਿਅਤ ਹੈ ਜਿਸਨੂੰ ਲੋਗ ਮਨ ਵਿਚ ਧਿਆਂਦੇਂ ਹਨ, ਪੁਜਦੇ ਹਨ ਅਤੇ ਮਨਾਂਦੇ ਹਨ।
ਉਦਾਹਰਨ ਚਰਿਤ੍ਰਾਂ ਵਿੱਚੋਂ ਸਾਹਮਣੇ ਹਨ-

੧. ਚਰਿਤਰਾਂ ਦੇ ਸ਼ੁਰੂ ਵਿਚ ਹੀ ਭਗੌਤੀ ਨੂੰ ਨਮਸਕਾਰ ਕਰ ਦਿੱਤਾ ਅਤੇ ਪਹਿਲਾਂ ਚਰਿਤਰ ਹੀ ਉਸ ਦੇਵੀ ਦਾ ਹੀ ਹੈ।

ਸ੍ਰੀ ਭਗੌਤੀ ਏ ਨਮ ॥
ਸ੍ਰੀ ਭਗੌਤੀ (ਦੁਰਗਾ) ਨੂੰ ਨਮਸਕਾਰ ਹੈ।
ਤੁਹੀ ਜੋਗ ਮਾਯਾ ਤੁਮੀ ਬਾਕਬਾਨੀ ॥ ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ ॥ ਤੁਹੀ ਬਿਸਨ ਤੂ ਬ੍ਰਹਮ ਤੂ ਰੁਦ੍ਰ ਰਾਜੈ ॥ ਤੁਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ ॥੨॥

ਅਰਥ--" ਤੂੰ ਹੀ ਜੋਗ ਮਾਇਆ, ਤੂੰ ਹੀ ਸਰਸਵਤੀ, ਤੂੰ ਹੀ ਚੁਸਤ('ਅਪ') ਰੂਪ ਵਾਲੀ ਅਤੇ ਤੂੰ ਹੀ ਸ੍ਰੀ ਭਵਾਨੀ ਹੈਂ। ਤੂੰ ਹੀ ਵਿਸ਼ਣੂ, ਬ੍ਰਹਮਾ ਅਤੇ ਰੁਦ੍ਰ (ਦੇ ਰੂਪ ਵਿਚ) ਸੁਭਾਇਮਾਨ ਹੈਂ। ਤੂੰ ਵਿਸ਼ਵ ਮਾਤਾ (ਵਜੋਂ) ਸਦਾ ਵਿਜੈਈ (ਰੂਪ ਵਿਚ) ਵਿਰਾਜਮਾਨ ਹੈ।੨।"

ਇਹ ਹੇਠਾਂ ਦਿੱਤਾ ਗਿਆ ੧੨ ਵਾਂ ਛੰਦ ਭਗੌਤੀ ਨੂੰ ਨਮਸਕਾਰ ਕਰਦਿਆਂ ਦਸ ਦੇਂਦਾ ਹੈ ਕੀ ਭਗੌਤੀ ਦੇ ਹੋਰ ਕੀ ਨਾਮ ਹਨ---- "ਜਯੰਤੀ, ਮੰਗਲਾ, ਕਾਲੀ, ਕਪਾਲਨੀ, ਭਦ੍ਰਕਾਲੀ, ਦੁਰਗਾ, ਛਿਮਾ, ਸਿਵਾ, ਧਾਤ੍ਰੀ, ਸਵਾਹਾ।"
ਜਯੰਤੀ ਤੁਹੀ ਮੰਗਲਾ ਰੂਪ ਕਾਲੀ ॥ ਕਪਾਲਨਿ ਤੁਹੀ ਹੈ ਤੁਹੀ ਭਦ੍ਰਕਾਲੀ ॥ ਦ੍ਰੁਗਾ ਤੂ ਛਿਮਾ ਤੂ ਸਿਵਾ ਰੂਪ ਤੋਰੋ ॥ ਤੁ ਧਾਤ੍ਰੀ ਸ੍ਵਾਹਾ ਨਮਸਕਾਰ ਮੋਰੋ ॥੧੨॥

੨. ਏਹ ੨੧ਵਾਂ ਚਰਿਤਰ ਅਨੁਪ ਕੋਰ ਵਾਲਾ ਜਿਸ ਵਿਚ ਰਾਜਾ ਮੰਤਰ ਸਿੱਖਨ ਦੇ ਲਾਲਚ ਦਾ ਮਾਰਾ ਅਨੁਪ ਕੋਰ ਦੇ ਡੇਰੇ ਪੁਜਾ।

ਚਲਿਯੋ ਧਾਰਿ ਆਤੀਤ ਕੋ ਭੇਸ ਰਾਈ ॥ ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥ ਚਲਿਯੋ ਸੋਤ ਤਾ ਕੇ ਫਿਰਿਯੋ

ਨਾਹਿ ਫੇਰੇ ॥ ਧਸ੍ਯੋ ਜਾਇ ਕੈ ਵਾ ਤ੍ਰਿਯਾ ਕੇ ਸੁ ਡੇਰੇ ॥੧੦॥

ਅਰਥ -- "ਉਹ ਰਾਜਾ ਸਾਧ ਦਾ ਭੇਸ ਧਾਰ ਕੇ ਅਤੇ ਆਪਣੇ ਮਨ ਵਿਚ ਭਗਵਤੀ ਦਾ ਸਿਮਰਨ ਕਰਦਾ ਹੋਇਆ ਚਲ ਪਿਆ। (ਉਹ) ਸੌਣ ਵੇਲੇ ਉਸ ਵਲ ਚਲ ਪਿਆ ਅਤੇ ਫਿਰ ਵਾਪਸ ਨ ਮੁੜਿਆ; ਸਿਧਾ ਉਸ ਇਸਤਰੀ ਦੇ ਡੇਰੇ ਜਾ ਪਹੁੰਚਿਆ।੧੦।"

੩. ਚਰਿਤਰ ੯੭ ਸਿਆਲਕੋਟ ਦੇ ਰਾਜੇ ਸਾਲਬਾਹਨ ਦਾ ਹੈ ਜੋ ਅੱਠ ਪਹਰ ਭਵਾਨੀ ਦਾ ਜਾਪ ਕਰਦਾ ਸੀ। ਇਸ ਚੰਡਿਕਾ ਨੇ ਸਾਲਬਾਹਨ ਦੀ ਮਿਟੀ ਦੀ ਸੈਨਾ ਵਿਚ ਪ੍ਰਾਨ ਭਰ ਦਿੱਤੇ।

ਅਗੇ ਲਿਖਾਰੀ ਦਸਦਾ ਹੈ ਕਿ ਰਾਨੀ ਨੇ ਜਗਮਾਤਾ ਭਗੌਤੀ ਦੀ ਪੁਜਾ ਕੀਤੀ ਜੀਸਦੀ ਵਜਹ ਨਾਲ ਉਹ ਜਿਤਿਆ।

ਜੋ ਬਿਕ੍ਰਮਾ ਤਿਹ ਘਾਇ ਚਲਾਵੈ ॥ ਆਪਿ ਆਨਿ ਸ੍ਰੀ ਚੰਡਿ ਬਚਾਵੈ ॥ ਤਿਹ ਬ੍ਰਿਣ ਏਕ ਲਗਨ ਨਹਿ ਦੇਵੈ ॥ ਸੇਵਕ ਜਾਨਿ ਰਾਖਿ ਕੈ ਲੇਵੈ ॥੧੯॥

*ਦੋਹਰਾ*

ਦੇਵੀ ਭਗਤ ਪਛਾਨਿ ਤਿਹ ਲਗਨ ਨ ਦੀਨੇ ਘਾਇ ॥ ਬਜ੍ਰ ਬਾਨ ਬਰਛੀਨ ਕੋ ਬਿਕ੍ਰਮ ਰਹਿਯੋ ਚਲਾਇ ॥੨੦॥

*ਚੌਪਈ ॥*

ਸਾਲਬਾਹਨ ਕੀ ਇਕ ਪਟਰਾਨੀ ॥ ਸੋ ਰਨ ਹੇਰਿ ਅਧਿਕ ਡਰਪਾਨੀ ॥ ਪੂਜਿ ਗੌਰਜਾ ਤਾਹਿ ਮਨਾਈ ॥ ਭੂਤ ਭਵਿਖ੍ਯ ਵਹੈ ਠਹਿਰਾਈ ॥੨੧॥
ਤਬ ਤਿਹ ਦਰਸੁ ਗੌਰਜਾ ਦਯੋ ॥ ਉਠਿ ਰਾਣੀ ਤਿਹ ਸੀਸ ਝੁਕਯੋ ॥ ਭਾਤਿ ਭਾਤਿ ਜਗਮਾਤ ਮਨਾਯੋ ॥ ਜੀਤ ਹੋਇ ਹਮਰੀ ਬਰੁ ਪਾਯੋ ॥੨੨॥

ਅਰਥ-- "ਜੋ ਵੀ ਬਿਕ੍ਰਮ ਉਸ ਉਤੇ ਵਾਰ ਕਰਦਾ, ਚੰਡਿਕਾ ਆਪ ਆ ਕੇ ਬਚਾ ਲੈਂਦੀ। ਉਸ ਨੂੰ ਇਕ ਵੀ ਘਾਓ ਲਗਣ ਨ ਦਿੰਦੀ। (ਆਪਣ) ਸੇਵਕ ਸਮਝ ਕੇ ਉਸ ਦੀ ਰਖਿਆ ਕਰਦੀ।੧੯।

*ਦੋਹਰਾ*

ਦੇਵੀ ਨੇ ਆਪਣਾ ਭਗਤ ਜਾਣ ਕੇ ਉਸ (ਰਾਜੇ) ਨੂੰ ਘਾਓ ਨ ਲਗਣ ਦਿੱਤਾ, (ਭਾਵੇਂ) ਬਿਕ੍ਰਮ ਬਜ੍ਰ ਦੇ ਸਮਾਨ

ਬਰਛੀਆਂ ਅਤੇ ਤੀਰ ਚਲਾਉਂਦਾ ਰਿਹਾ।੨੦।

ਚੌਪਈ

ਸਾਲਬਾਹਨ ਦੀ ਇੱਕ ਪਟਰਾਣੀ ਸੀ ਜੋ ਜੰਗ ਨੂੰ ਵੇਖ ਕੇ ਬਹੁਤ ਡਰ ਗਈ। ਉਸ ਨੇ ਗੌਰਜਾ ਦੀ ਪੁਜਾ ਕੀਤੀ ਅਤੇ ਭੂਤ ਤੇ ਭਵਿਖ ਵਿਚ ਉਸੇ ਨੂੰ (ਆਪਣਾ ਰਖਿਅਕ) ਮੰਨਿਆ।੨੧।

ਤਦ ਉਸ ਨੂੰ ਗੌਰਜਾ ਨੇ ਦਰਸ਼ਨ ਦਿੱਤਾ। ਰਾਣੀ ਨੇ ਉਟ ਕੇ ਉਸ (ਦੇਵੀ) ਨੂੰ ਸੀਸ ਝੁਕਾਇਆ। ਭਾਂਤ ਭਾਂਤ ਨਾਲ ਜਗਮਾਤ ਦੀ ਉਸਤਤ ਕੀਤੀ ਅਤੇ 'ਸਾਡੀ ਜਿਤ ਹੋਏ'-- ਇਹ ਵਰ ਪ੍ਰਾਪਤ ਕੀਤਾ।੨੨।"

ਇਹ ਗੌਰੀ ਹੀ ਭਗੌਤੀ ਹੈ ਛੰਦ ੨੭ ਵਿਚ ਰਾਜਾ ਕਹ ਰਹਿਆ ਹੈ--

ਦੋਹਰਾ ॥ ਹਮਰे ਹਿਤ ਇਹ ਰਾਨਿਯੈ ਲੀਨੀ ਗੌਰਿ ਮਨਾਇ ॥ ਰੀਝਿ ਭਗੌਤੀ ਬਰੁ ਦਯੋ ਤਬ ਹਮ ਜਿਤੇ ਬਨਾਇ ॥੨੭॥

ਅਰਥ "ਸਾਡੇ ਹਿਤ ਲਈ ਇਸ ਰਾਣੀ ਨੇ ਗੌਰਜਾ ਨੂੰ ਮੰਨਾ ਲਿਆ ਅਤੇ ਭਗਵਤੀ ਨੇ ਪ੍ਰਸੰਨ ਹੋ ਕੇਵਰ ਦਿੱਤਾ, ਤਦ ਸਾਡੀ ਜਿਤ ਹੋਈ।੨੭।"

ਸਾਰ------ ਇਨ੍ਹਾਂ ਚਰਿਤਰਾਂ ਨੂੰ ਖੰਗਾਲਨ ਦੇ ਬਾਦ ਇੱਕ ਗਲ ਤੇ ਸਾਫ ਹੈ ਕੀ ਭਗੌਤੀ ਦੁਰਗਾ/ਚੰਡਿਕਾ ਨੂੰ ਕਿਹਾ ਹੈ ਅਤੇ ਇਹ ਚੰਡਿਕਾ ਦੇਵੀ ਹੀ ਇਸ ਲਿਖਾਰੀ ਦੀ ਜਗਮਾਤਾ ਹੈ।

ਦੂਜਾ ਸਵਾਲ ਉਠਦਾ ਹੈ ਕਿ ਸਾਨੂੰ ਤਲਵਾਰ ਗੁਰੂ ਨਾਨਕ ਸਾਹਿਬ ਤੂੰ ਵੱਡੀ ਕਿਵੇਂ ਲਗਣ ਲਗ ਪਈ? ਹੈ ਕੋਈ ਜਵਾਬ ?